# BC Early Hearing Program

## ਬੀ ਸੀ ਅਰਲੀ ਹੀਅਰਿੰਗ ਪ੍ਰੋਗਰਾਮ

A service of BC Children's Hospital and the Provincial Health Services Authority

ਬੀ ਸੀ ਚਿਲਡਰਨ ਹਸਪਤਾਲ ਅਤੇ ਪ੍ਰੋਵਿੰਸ਼ਿਅਲ ਹੈਲਥ ਸਰਵਿਸਜ਼ ਅਥਾਰਟੀ ਦੀ ਇਕ ਸੇਵਾ

# ਕੀ ਤੁਹਾਡਾ ਬੱਚਾ ਉਹ ਅਵਾਜ਼ਾਂ ਸੁਣ ਸਕਦਾ ਹੈ, ਜਿਹੜੀਆਂ ਅਵਾਜ਼ਾਂ ਤੁਸੀਂ ਸੁਣ ਸਕਦੇ ਹੋ?



## ਤੁਹਾਡੇ ਬੱਚੇ ਲਈ ਚੰਗੀ ਸ਼ੁਰੂਆਤ

ਕੁਦਰਤ ਦੀਆਂ ਅਵਾਜ਼ਾਂ ਸਾਡੇ ਹਰ ਪਾਸੇ ਹਨ। ਕੀ ਤੁਸੀਂ ਜਾਣਦੇ ਹੋ ਕਿ ਕੀ ਤੁਹਾਡਾ ਬੱਚਾ ਪੰਛੀਆਂ ਦੇ ਗੁਟਕਣ ਜਾਂ ਦਰੱਖਤਾਂ ਵਿੱਚ ਹਵਾ ਦੀ ਸਰਸਰਾਹਟ ਨੂੰ ਸੁਣ ਸਕਦਾ ਹੈ? ਇਹ ਜਾਣਨਾ ਮਹੱਤਵਪੂਰਨ ਹੈ ਕਿ ਤੁਹਾਡੇ ਬੱਚੇ ਦੀ ਸੁਣਨ ਸ਼ਕਤੀ ਠੀਕ ਹੈ। ਬੱਚੇ ਜੰਮਦਿਆਂ ਹੀ ਬੋਲੀ ਅਤੇ ਭਾਸ਼ਾ ਸਿੱਖਣੀ ਸ਼ੁਰੂ ਕਰ ਦਿੰਦੇ ਹਨ। ਜੇਕਰ ਤੁਹਾਡਾ ਬੱਚਾ ਠੀਕ ਸੁਣ ਨਹੀਂ ਸਕਦਾ, ਤਾਂ ਉਸ ਨੂੰ ਬੋਲਣਾ ਸਿੱਖਣ ਅਤੇ ਭਾਸ਼ਾ ਹੁਨਰ ਵਿਕਸਤ ਕਰਨ ਵਿਚ ਸਮੱਸਿਆਵਾਂ ਆ ਸਕਦੀਆਂ ਹਨ। ਪਰਿਵਾਰਾਂ ਲਈ ਨਵਜੰਮੇ ਬੱਚਿਆਂ ਦੀ ਸੁਣਨ-ਸ਼ਕਤੀ ਦੇ ਟੈੱਸਟ ਕਰਵਾਉਣੇ ਮਹੱਤਵਪੂਰਨ ਹਨ, ਕਿਉਂਕਿ ਜੇਕਰ ਬੱਚੇ ਦੀ ਜ਼ਿੰਦਗੀ ਦੇ ਸ਼ੁਰੂ ਵਿਚ ਸੁਣਨ-ਸ਼ਕਤੀ ਦੀ ਘਾਟ ਦਾ ਪਤਾ ਲੱਗ ਜਾਵੇ ਤਾਂ ਬਹੁਤ ਕੁਝ ਹੋ ਸਕਦਾ ਹੈ।

ਤੁਹਾਡਾ ਬੱਚਾ ਸੁਣਨ-ਸ਼ਕਤੀ ਦੇ ਟੈੱਸਟ ਕਰਵਾਉਣ ਲਈ ਕਦੇ ਵੀ ਬਹੁਤਾ ਛੋਟਾ ਨਹੀਂ ਹੁੰਦਾ। ਬੀ ਸੀ ਅਰਲੀ ਹੀਅਰਿੰਗ ਪ੍ਰੋਗਰਾਮ (ਬੀ ਸੀ ਈ ਐੱਚ ਪੀ) ਦੇ ਹਿੱਸੇ ਵਜੋਂ ਜਨਮ ਤੋਂ ਬਾਅਦ ਸੁਣਨ-ਸ਼ਕਤੀ ਦੀ ਜਾਂਚ ਕਰਨ ਲਈ ਸਰਲ ਅਤੇ ਸੁਰੱਖਿਅਤ ਟੈੱਸਟ ਕੀਤੇ ਜਾਂਦੇ ਹਨ।

## ਬਾਲਾਂ ਵਿੱਚ ਸੁਣਨ-ਸ਼ਕਤੀ ਦੀ ਘਾਟ ਕਿੰਨੀ ਕੁ ਆਮ ਗੱਲ ਹੈ?

ਲਗਭਗ 300 ਬੱਚਿਆਂ ਵਿੱਚੋਂ ਇਕ ਬੱਚੇ ਵਿੱਚ ਜਨਮ ਸਮੇਂ ਸੁਣਨ-ਸ਼ਕਤੀ ਦੀ ਘਾਟ ਹੁੰਦੀ ਹੈ। ਇਹ ਗਿਣਤੀ ਉਹਨਾਂ ਬੱਚਿਆਂ ਵਿੱਚ ਵਧ ਜਾਂਦੀ ਹੈ, ਜਿਹਨਾਂ ਨੂੰ ਜਨਮ ਸਮੇਂ ਖਾਸ ਸੰਭਾਲ (ਸਪੈਸ਼ਲ ਕੇਅਰ) ਦੀ ਲੋੜ ਹੁੰਦੀ ਹੈ। ਕੋਈ ਜ਼ਾਹਰਾ ਲੱਛਣ ਨਹੀਂ ਹਨ, ਜਿਹਨਾਂ ਤੋਂ ਸਾਨੂੰ ਪਤਾ ਲੱਗ ਸਕੇ ਕਿ ਕਿਸ ਬਾਲ ਦੀ ਸੁਣਨ-ਸ਼ਕਤੀ ਘੱਟ ਹੈ, ਅਤੇ ਸ਼ੁਰੂ ਵਿੱਚ ਕੀਤੀ ਜਾਂਚ ਤੋਂ ਬਿਨਾਂ ਬਹੁਤਿਆਂ ਵਿੱਚ ਛੋਟੀ ਜਾਂ ਸਕੂਲ ਜਾਣ ਦੀ ਉਮਰ ਤੱਕ ਸੁਣਨ-ਸ਼ਕਤੀ ਦੀ ਘਾਟ ਦਾ ਪਤਾ ਨਹੀਂ ਲੱਗਦਾ। ਸੁਣਨ ਸ਼ਕਤੀ ਦੀ ਘਾਟ ਦੇ ਅੱਧੇ ਤੋਂ ਵੱਧ ਕੇਸ ਉਹਨਾਂ ਬੱਚਿਆਂ ਵਿੱਚ ਮਿਲਦੇ ਹਨ ਜਿਹੜੇ ਵੈਸੇ ਸਿਹਤਮੰਦ ਹੁੰਦੇ ਹਨ।

## ਮੇਰੇ ਬੱਚੇ ਦੀ ਸੁਣਨ-ਸ਼ਕਤੀ ਦੀ ਜਾਂਚ ਕਿਸ ਤਰ੍ਹਾਂ ਕੀਤੀ ਜਾਂਦੀ ਹੈ?

ਜਾਂਚ ਹਸਪਤਾਲ ਵਿੱਚ (ਬੱਚੇ ਦੇ ਘਰ ਜਾਣ ਤੋਂ ਪਹਿਲਾਂ) ਜਾਂ ਸਥਾਨਕ ਪਬਲਿਕ ਹੈਲਥ ਹੀਅਰਿੰਗ ਕਲਿਨਿਕ ਵਿੱਚ ਹੋ ਸਕਦੀ ਹੈ। ਤੁਹਾਡੇ ਬੱਚੇ ਦਾ ਸਕਰੀਨਿੰਗ ਟੈੱਸਟ ਹੋਵੇਗਾ। ਇਹ ਟੈੱਸਟ ਬਹੁਤ ਸੁਰੱਖਿਅਤ ਹੈ ਅਤੇ ਇਸ ਨਾਲ ਤੁਹਾਡੇ ਬੱਚੇ ਨੂੰ ਤਕਲੀਫ ਨਹੀਂ ਹੁੰਦੀ। ਬੱਚੇ ਦੇ ਕੰਨ ਵਿੱਚ ਧੀਮੀਆਂ ਅਵਾਜ਼ਾਂ ਵਜਾਈਆਂ ਜਾਂਦੀਆਂ ਹਨ ਜਦੋਂ ਕਿ ਇਕ ਕੰਪਿਊਟਰ ਤੁਹਾਡੇ ਬੱਚੇ ਦੇ ਪ੍ਰਤੀਕਰਮ ਨਾਪਦਾ ਹੈ। ਜਾਂਚ ਕਰਨ ਦੇ ਟੈੱਸਟ ਸੁੱਤੇ ਪਏ ਜਾਂ ਸ਼ਾਂਤ ਬੱਚਿਆਂ ਵਿੱਚ ਚੰਗੀ ਤਰ੍ਹਾਂ ਕੀਤੇ ਜਾ ਸਕਦੇ ਹਨ।

## ਜੇ ਮੇਰੇ ਬੱਚੇ ਦੀ ਜਾਂਚ ਨਾ ਹੋਵੇ ਤਾਂ ਫਿਰ ਕੀ ਹੋਵੇਗਾ?

ਜਿਹਨਾਂ ਬੱਚਿਆਂ ਦੀ ਜਾਂਚ ਹਸਪਤਾਲ ਵਿੱਚ ਨਹੀਂ ਹੁੰਦੀ, ਉਹਨਾਂ ਦੀ ਜਾਂਚ ਦਾ ਪ੍ਰਬੰਧ ਤੁਹਾਡੇ ਸਥਾਨਕ ਪਬਲਿਕ ਹੈਲਥ ਕਲਿਨਿਕ ਜਾਂ ਕਿਸੇ ਹੋਰ ਹੈਲਥ ਯੂਨਿਟ ਦੇ ਸਟਾਫ ਰਾਹੀਂ ਕੀਤਾ ਜਾਂਦਾ ਹੈ। ਅਪੁਆਇੰਟਮੈਂਟ ਲਈ ਤੁਹਾਡੇ ਨਾਲ ਸੰਪਰਕ ਕੀਤਾ ਜਾਵੇਗਾ। ਜੇ ਤੁਹਾਡੇ ਬੱਚੇ ਦੇ ਜਨਮ ਤੋਂ ਬਾਅਦ ਦੋ ਹਫਤਿਆਂ ਦੇ ਅੰਦਰ ਅੰਦਰ ਤੁਹਾਨੂੰ ਫੋਨ ਨਾ ਆਵੇ ਤਾਂ ਆਪਣੇ ਨੇੜੇ ਦੇ ਕਲਿਨਿਕ ਦਾ ਪਤਾ ਲਾਉਣ ਲਈ ਆਪਣੀ ਸਥਾਨਕ ਹੈਲਥ ਅਥਾਰਟੀ ਨਾਲ ਸੰਪਰਕ ਕਰੋ (ਆਪਣੀ ਟੈਲੀਫੋਨ ਡਾਇਰੈਕਟਰੀ ਦੇ ਨੀਲੇ ਸਫੇ ਦੇਖੋ)।

## ਜੇ ਮੇਰਾ ਬੱਚਾ ਜਾਂਚ ਵਿੱਚ ਪਾਸ ਨਹੀਂ ਹੁੰਦਾ ਤਾਂ ਫਿਰ ਕੀ ਹੋਵੇਗਾ?

ਜਦੋਂ ਕੋਈ ਬੱਚਾ ਸੁਣਨ-ਸ਼ਕਤੀ ਦੀ ਪਹਿਲੀ ਜਾਂਚ ਪਾਸ ਨਹੀਂ ਕਰਦਾ, ਤਾਂ ਇਸ ਦਾ ਅਰਥ ਇਹ ਨਹੀਂ ਕਿ ਬੱਚੇ ਦੀ ਸੁਣਨ-ਸ਼ਕਤੀ ਦਾ ਜ਼ਰੂਰੀ ਹੀ ਨੁਕਸਾਨ ਹੋਇਆ ਹੈ। ਕਈ ਕਾਰਨ ਹਨ, ਜਿਹਨਾਂ ਕਰਕੇ ਕੁਝ ਬੱਚਿਆਂ ਦੀ ਸੁਣਨ-ਸ਼ਕਤੀ ਦੀ ਜਾਂਚ ਦੂਜੀ ਵਾਰ ਕਰਨ ਦੀ ਲੋੜ ਹੁੰਦੀ ਹੈ। ਕਈ ਵਾਰ ਛੋਟੇ ਬੱਚਿਆਂ ਦੀ ਸਾਫ ਰੀਡਿੰਗ ਲੈਣ ਵਿੱਚ ਮੁਸ਼ਕਿਲ ਆਉਂਦੀ ਹੈ ਅਤੇ ਇਕ ਤੋਂ ਵੱਧ ਅਪੁਆਇੰਟਮੈਂਟਾਂ ਜ਼ਰੂਰੀ ਹੁੰਦੀਆਂ ਹਨ। ਬੱਚੇ ਦੇ ਵਿਚਕਾਰਲੇ ਕੰਨ ਵਿੱਚ ਆਰਜ਼ੀ ਤੌਰ 'ਤੇ ਤਰਲ ਪਦਾਰਥ ਹੋ ਸਕਦਾ ਹੈ, ਜਿਹੜਾ ਸਹੀ ਨਤੀਜਾ ਕੱਢਣ ਵਿੱਚ ਮੁਸ਼ਕਿਲ ਪੈਦਾ ਕਰ ਸਕਦਾ ਹੈ।

ਬਹੁਤੇ ਬੱਚੇ ਦੂਜੀ ਵਾਰ ਸੁਣਨ-ਸ਼ਕਤੀ ਦਾ ਟੈਸਟ ਪਾਸ ਕਰ ਲੈਣਗੇ। ਜੇ ਲੋੜ ਹੋਵੇ ਤਾਂ ਆਪਣੇ ਬੱਚੇ ਨੂੰ ਹੋਰ ਟੈਸਟਾਂ ਲਈ ਲੈ ਕੇ ਜਾਣਾ ਬਹੁਤ ਮਹੱਤਵਪੂਰਨ ਹੈ। ਆਪਣੇ ਬੱਚੇ ਦੀ ਸੁਣਨ-ਸ਼ਕਤੀ ਬਾਰੇ ਪੱਕਾ ਪਤਾ ਲਾਉਣ ਦਾ ਸਭ ਤੋਂ ਬਿਹਤਰ ਤਰੀਕਾ ਪੈਰਵੀ ਲਈ ਬਣਾਈਆਂ ਜਾਣ ਵਾਲੀਆਂ ਸਾਰੀਆਂ ਅਪੁਆਇੰਟਮੈਂਟਾਂ 'ਤੇ ਜਾਣਾ ਹੈ।

## ਮੇਰੇ ਬੱਚੇ ਬਾਰੇ ਜਾਣਕਾਰੀ ਨੂੰ ਦੂਜਿਆਂ ਨਾਲ ਸਾਂਝੀ ਕਿਵੇਂ ਕੀਤਾ ਜਾਂਦਾ ਹੈ?

ਬੀ ਸੀ ਅਰਲੀ ਹੀਅਰਿੰਗ ਪ੍ਰੋਗਰਾਮ (ਬੀ ਸੀ ਈ ਐੱਚ ਪੀ), ਬੀ ਸੀ ਚਿਲਡਰਨ ਹਸਪਤਾਲ ਅਤੇ ਪ੍ਰੋਵਿੰਸ਼ਿਅਲ ਹੈਲਥ ਸਰਵਿਸਜ਼ ਅਥਾਰਟੀ (ਪੀ ਐੱਚ ਐੱਸ ਏ) ਦੀ ਸੇਵਾ ਹੈ। ਤੁਹਾਡੇ ਪਰਿਵਾਰ ਨੂੰ ਸੇਵਾਵਾਂ ਪ੍ਰਦਾਨ ਕਰਨ ਵਿੱਚ ਆਪਣੀ ਮਦਦ ਕਰਨ ਲਈ ਹੋ ਸਕਦਾ ਹੈ ਕਿ ਬੀ ਸੀ ਈ ਐਚ ਪੀ ਨੂੰ ਤੁਹਾਡੇ ਬੱਚੇ ਬਾਰੇ ਜਾਣਕਾਰੀ ਉਹਨਾਂ ਪੇਸ਼ਾਵਰ (ਪ੍ਰੋਫੈਸ਼ਨਲਜ਼) ਲੋਕਾਂ ਨਾਲ ਸਾਂਝੀ ਕਰਨ ਦੀ ਲੋੜ ਹੋਵੇ ਜੋ ਇਸ ਪ੍ਰੋਗਰਾਮ ਦੇ ਹਿੱਸੇ ਵਜੋਂ ਪਰਿਵਾਰਾਂ ਨੂੰ ਸੇਵਾਵਾਂ ਪ੍ਰਦਾਨ ਕਰਦੇ ਹਨ। ਇਹ ਪੇਸ਼ਾਵਰ (ਪ੍ਰੋਫੈਸ਼ਨਲਜ਼) ਦੂਸਰੇ ਹਸਪਤਾਲਾਂ, ਹੀਅਰਿੰਗ ਕਲਿਨਿਕਾਂ, ਹੈਲਥ ਯੂਨਿਟਾਂ, ਚਾਇਲਡ ਡਿਵੈਲਪਮੈਂਟ ਸੈਂਟਰਾਂ, ਅਰਲੀ ਇੰਟਰਵੈਨਸ਼ਨ ਪ੍ਰੋਗਰਾਮਾਂ, ਸਕੂਲਾਂ, ਪ੍ਰੀ-ਸਕੂਲਾਂ ਅਤੇ/ਜਾਂ ਚਾਇਲਡ ਕੇਅਰ ਸੈਂਟਰਾਂ ਨਾਲ ਸੰਬੰਧਤ ਹੋ ਸਕਦੇ ਹਨ।

ਨਿੱਜੀ ਜਾਣਕਾਰੀ ਸੂਬੇ ਦੇ *ਫਰੀਡਮ ਆਫ ਇਨਫਰਮੇਸ਼ਨ ਐਂਡ ਪ੍ਰੋਟੈਕਸ਼ਨ ਆਫ ਪ੍ਰਾਈਵੇਸੀ ਐਕਟ* ਅਧੀਨ ਇਕੱਤਰ ਕੀਤੀ ਜਾਂਦੀ ਹੈ। ਬੀ ਸੀ ਈ ਐੱਚ ਪੀ ਵਲੋਂ ਇਹ ਜਾਣਕਾਰੀ ਇਹ ਜਾਣਨ ਵਿੱਚ ਮਦਦ ਕਰਨ ਲਈ ਵਰਤੀ ਜਾਂਦੀ ਹੈ ਕਿ ਅਸੀਂ ਪਰਿਵਾਰਾਂ ਦੀਆਂ ਲੋੜਾਂ ਨੂੰ ਕਿੰਨੀ ਚੰਗੀ ਤਰ੍ਹਾਂ ਪੂਰੀਆਂ ਕਰ ਰਹੇ ਹਾਂ, ਅਸੀਂ ਆਪਣੇ ਪ੍ਰੋਗਰਾਮਾਂ ਅਤੇ ਸੇਵਾਵਾਂ ਵਿੱਚ ਕਿਵੇਂ ਸੁਧਾਰ ਕਰ ਸਕਦੇ ਹਾਂ ਅਤੇ ਅਸੀਂ ਚੰਗੀ ਸੰਭਾਲ ਨੂੰ ਕਿਵੇਂ ਯਕੀਨੀ ਬਣਾ ਸਕਦੇ ਹਾਂ। ਇਹ ਜਾਣਕਾਰੀ ਖੋਜ ਲਈ ਵੀ ਵਰਤੀ ਜਾ ਸਕਦੀ ਹੈ, ਜਿਵੇਂ ਕਿ *ਬੀ ਸੀ ਇਨਫਰਮੇਸ਼ਨ ਐਂਡ ਪ੍ਰੋਟੈਕਸ਼ਨ ਆਫ ਪ੍ਰਾਈਵੇਸੀ ਐਕਟ*, ਦੇ ਸੈਕਸ਼ਨ 35 ਵਿੱਚ ਦੱਸਿਆ ਗਿਆ ਹੈ।

ਬੀ ਸੀ ਈ ਐੱਚ ਪੀ ਵਲੋਂ ਜਾਣਕਾਰੀ ਨੂੰ ਇਕੱਤਰ ਕਰਨ ਅਤੇ ਦੂਸਰਿਆਂ ਨਾਲ ਸਾਂਝੀ ਕਰਨ ਬਾਰੇ ਹੋਰ ਜਾਣਕਾਰੀ ਲੈਣ ਲਈ ਪ੍ਰੋਗਰਾਮ ਡਾਇਰੈਕਟਰ ਨਾਲ 250-519-5727 ਉੱਤੇ ਸੰਪਰਕ ਕਰੋ ਜਾਂ ਆਪਣੀ ਸਥਾਨਕ ਹੈਲਥ ਅਥਾਰਟੀ ਦੇ ਪ੍ਰਾਈਵੇਸੀ ਅਫਸਰ ਨਾਲ ਸੰਪਰਕ ਕਰੋ।

ਬੀ ਸੀ ਅਰਲੀ ਹੀਅਰਿੰਗ ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਲੈਣ ਲਈ **www.phsa.ca/earlyhearing** ਉੱਤੇ ਬੀ ਸੀ ਈ ਐੱਚ ਪੀ ਦਾ ਵੈੱਬਸਾਈਟ ਦੇਖੋ ਜਾਂ 1-866-612-2347 ਉੱਤੇ ਫੋਨ ਕਰੋ।



ਜਿਵੇਂ ਜਿਵੇਂ ਤੁਹਾਡਾ ਬੱਚਾ ਵੱਡਾ ਹੋਵੇ, ਉਸ ਦੀ ਬੋਲੀ, ਭਾਸ਼ਾ ਅਤੇ ਸੁਣਨ-ਸ਼ਕਤੀ ਦੀ ਜਾਂਚ ਕਰੋ:

### ਦੋ ਮਹੀਨਿਆਂ ਤੱਕ ਦੇ, ਬਹੁਤੇ ਬੱਚੇ...

- ਉੱਚੀ ਅਵਾਜ਼ ਨਾਲ ਤ੍ਰਬਕਦੇ ਹਨ
- ਜਾਣੀ-ਪਛਾਣੀ ਅਵਾਜ਼ ਨਾਲ ਚੁੱਪ ਹੋ ਜਾਂਦੇ ਹਨ
- "ਉਹ", "ਆਹ" ਵਰਗੀਆਂ ਸਵਰ-ਧੁਨੀਆਂ ਕੱਢਦੇ ਹਨ

### ਚਾਰ ਮਹੀਨਿਆਂ ਤੱਕ ਦੇ, ਬਹੁਤੇ ਬੱਚੇ...

- ਅਵਾਜ਼ਾਂ ਵਲ ਅੱਖਾਂ ਨਾਲ ਦੇਖਦੇ ਹਨ
- ਬੁੜਬੁੜਾਉਣਾ ਸ਼ੁਰੂ ਕਰ ਦਿੰਦੇ ਹਨ
- ਕਿਲਕਾਰੀਆਂ ਮਾਰਨ, ਰੋਣ ਅਤੇ ਹੱਸਣ ਲਈ ਕਈ ਸੁਰਾਂ ਦਾ ਇਸਤੇਮਾਲ ਕਰਦੇ ਹਨ

### ਛੇ ਮਹੀਨਿਆਂ ਤੱਕ ਦੇ, ਬਹੁਤੇ ਬੱਚੇ...

- ਅਵਾਜ਼ ਵਲ ਸਿਰ ਘੁਮਾਉਂਦੇ ਹਨ
- ਅਵਾਜ਼ ਦੀ ਸੁਰ ਵਿੱਚਲੀਆਂ ਤਬਦੀਲੀਆਂ ਦੀ ਨਕਲ ਕਰਨ ਦੀ ਕੋਸ਼ਿਸ਼ ਕਰਦੇ ਹਨ
- ਬੁੜਬੜਾਉਂਦੇ ਹਨ (ਬਾ-ਬਾ, ਮਾ-ਮਾ, ਗਾ-ਗਾ)

### ਨੌਂ ਮਹੀਨਿਆਂ ਤੱਕ ਦੇ, ਬਹੁਤੇ ਬੱਚੇ...

- ਦੂਸਰਿਆਂ ਦੇ ਬੋਲਣ ਦੀਆਂ ਅਵਾਜ਼ਾਂ ਦੀ ਨਕਲ ਕਰਦੇ ਹਨ
- "ਨਾਂਹ-ਨਾਂਹ" ਜਾਂ "ਬਾਏ-ਬਾਏ" ਸਮਝਦੇ ਹਨ
- ਅੱਖਾਂ ਦੇ ਪੱਧਰ ਜਾਂ ਉਸ ਤੋਂ ਹੇਠਾਂ ਦੇ ਅਵਾਜ਼ ਦੇ ਸ੍ਰੋਤ ਨੂੰ ਭਾਲਣਗੇ

### ਬਾਰਾਂ ਮਹੀਨਿਆਂ ਤੱਕ ਦੇ, ਬਹੁਤੇ ਬੱਚੇ...

- ਦੋ ਜਾਂ ਤਿੰਨ ਸ਼ਬਦ ਕਹਿੰਦੇ ਹਨ
- ਜਦੋਂ ਖਿਡਾਉਣਾ ਮੰਗੋ, ਤਾਂ ਦਿੰਦੇ ਹਨ
- ਗਾਣੇ ਜਾਂ ਸੰਗੀਤ ਉੱਪਰ ਪ੍ਰਤੀਕਰਮ ਦਿਖਾਉਂਦੇ ਹਨ